

**Dr. A. Kumar**

# ਥੈਂਕ-ਯੂ ਇੰਗਲੈਂਡ ਜੀ!

**ਡਾ. ਏ. ਕੁਮਾਰ**

ਇਹ ਗੱਲ ਮੈਂ ਬੜੀ ਵਾਰ ਕਹਿੰਦਾ ਹਾਂ ਕਿ ਮੇਰੇ 'ਚ ਇੱਕ ਬਹੁਤ ਹੀ ਬੁਰੀ ਆਦਤ ਹੈ, ਮੈਨੂੰ ਨਾਲੇਜ ਯਾਨਿ ਕਿ ਗਿਆਨ ਪ੍ਰਾਪਤੀ ਦੀ ਚਾਹ ਹਮੇਸ਼ਾ ਬਣੀ ਰਹਿੰਦੀ ਹੈ। ਮੈਂ ਪੰਜਾਬੀ ਹਾਂ ਅਤੇ ਇਹ ਗਿਆਨ ਵਾਲੀ ਗੱਲ - ਹੈ ਤਾਂ ਸਾਡੇ ਸਭਿਆਚਾਰ ਤੇ ਕਲਚਰ ਦੇ ਉਲਟ, ਪਰ ਕੀ ਕਰਾਂ, ਆਦਤ ਤਾਂ ਆਦਤ ਹੀ ਹੈ। ਸਾਡੇ ਪੰਜਾਬੀ ਸਮਾਜ 'ਚ ਗਾ੍ਲਾਂ ਦਾ ਲੈਣ ਦੇਣ ਤਾਂ ਜਗ 'ਚ ਮਸ਼ਹੂਰ ਹੈ ਹੀ ਜਿਵੇਂ ਕਿ ਸਾਡਾ ਢੋਲ, ਭੰਗੜਾ ਤੇ ਦਾਰੂ। ਹੁਣ ਸਾਡਾ ਗਿਆਨ ਸਾਰੇ ਜਗ 'ਚ ਰੌਸ਼ਣੀ ਫੈਲਾ ਰਿਹਾ ਹੈ। ਮੈਨੂੰ ਗਿਆਨ ਅਰਜਿਤ ਕਰ ਲੈਣ ਦੀ ਛੂਤ ਦੀ ਬਿਮਾਰੀ ਆਪਣੇ ਦਾਦਾ ਜੀ ਤੋਂ ਲੱਗੀ। ਸਾਡੇ ਘਰ ਦੇ ਕਿੰਨੇ ਹੀ ਕਮਰੇ ਕਿਤਾਬਾਂ ਨਾਲ ਭਰੇ ਪਏ ਸਨ। ਅਸੀਂ ਪੰਜਾਬ 'ਚ ਰਹਿੰਦੇ ਸੀ ਤੇ ਮੇਰੇ ਦਾਦਾ ਜੀ ਪੰਜਾਬ ਦੀ ਇੱਕ ਜਾਣੀ-ਪਹਚਾਣੀ ਹਸਤੀ ਸਨ, ਬਹੁਤ ਪੜ੍ਹੇ-ਲਿਖੇ ਜਿੰਨ੍ਹਾ ਦੇ ਨਾਮ ਤੇ ਅੱਜ ਵੀ ਕਈ ਹਸਪਤਾਲ ਤੇ ਸਕੂਲ ਚੱਲ ਰਿਹੇ ਹਣ। ਬਜ਼ੁਰਗ ਦੂਰਦਰਸ਼ੀ ਸਨ, ਪੰਜਾਬ ਦਾ ਫ਼ਯੂਚਰ ਉਹਨਾਂ ਤਦ ਹੀ ਪਛਾਣ ਲਿੱਤਾ ਸੀ ਇਸ ਲਈ ਸਬ ਛੱਡ-ਛਡਾ ਕੇ ਦਿੱਲੀ ਆ ਗਏ। ਕਈ ਗੱਡੀਆਂ ਭਰ ਭਰ ਕੇ ਕਿਤਾਬਾਂ ਲਾਈਬ੍ਰੇਰੀ ਨੂੰ ਭੇਜੀਆਂ ਗਇਆਂ ਤੇ ਇੱਕ ਟੱਰਕ ਕਿਤਾਬਾਂ ਦਾ ਸਾਡੇ ਨਾਲ ਦਿੱਲੀ ਪਹੁੰਚ ਗਿਆ।

ਮੈਨੂੰ ਮੇਰੇ ਦਾਦਾ ਜੀ ਦੀ ਸੰਗਤ ਮਿਲੀ ਸੋ ਹੌਲੀ-ਹੌਲ਼ੀ ਕਿਤਾਬਾਂ ਪੜ੍ਹਣ ਦੀ ਭੈੜੀ ਬਿਮਾਰੀ ਵੀ ਲੱਗ ਗਈ। ਅੱਜ ਮੇਰਾ ਵੀ ਦਿੱਲੀ ਵਾਲਾ ਫ਼ਲੈਟ ਕਿਤਾਬਾਂ ਨਾਲ ਭਰਿਆ ਪਇਆ ਹੈ ਤੇ ਇੰਗਲੈਂਡ 'ਚ ਵੀ ਕਿਤਾਬਾਂ ਇਕੱਠੀਆਂ ਹੋਣ ਲੱਗ ਪਈਆਂ ਹਣ। ਮੇਰੇ ਪਹਿਲੇ ਗੁਰੁ ਯਾਨਿ ਕਿ ਮੇਰੇ ਦਾਦਾ ਜੀ ਨੇ ਮੈਨੂੰ ਬਹੁਤ ਪੜ੍ਹਾਇਆ-ਲਿਖਾਇਆ। ਉਦਾਂ ਹੋਇਆ ਚੰਗਾ ਕਿ ਅਸੀਂ ਦਿੱਲੀ ਆ ਗਏ ਵਰਨਾ ਸੋਚਦਾ ਹਾਂ ਅੱਜ ਮੈਂ ਵੀ ਪਜਾਮਾ ਪਾ ਕੇ ਕਿਸੇ ਏਜੈਂਟ ਦੇ ਪਿੱਛੇ ਧੱਕੇ ਖਾਂਦਾ ਹੁੰਦਾ ਵਲੈਤ ਜਾਣ ਨੂੰ।

ਖ਼ੈਰ ਪੜ੍ਹਾਈ ਲਿਖਾਈ ਤੋਂ ਬਾਅਦ ਮੈਂ ਜਰਮਨੀ ਚਲਾ ਗਿਆ ਤੇ ਅਮਰੀਕਨ ਆਰਮੀ ਦੇ 97ਵੇਂ ਜਨਰਲ ਹਾਸਪਿਟਲ 'ਚ ਲੱਗ ਗਿਆ। ਇਸੇ ਤਰਾਂ ਤੁਰਦਾ ਫਿਰਦਾ ਦੁਨੀਆਂ ਦੇ 50 'ਕ ਮੁਲਕ ਗਾਹ ਗਿਆ, ਕਈ ਤਰਾਂ ਦੇ ਲੋਕ ਮਿਲੇ, ਤੇ ਹੌਲੀ ਹੌਲੀ ਮੇਰੇ ਗਿਆਨ 'ਚ ਵਾਧਾ ਹੋਣ ਲੱਗਾ ਜੋ ਕਿ ਕਿਤਾਬਾਂ ਜਾਂ ਯੁਨੀਵਰਸਟੀ ਦੀ ਪੜ੍ਹਾਈ ਤੋਂ ਵੱਧ ਅਨਮੋਲ ਸੀ। ਮੈਂ ਕਨੇਡਾ ਵੱਸ ਗਿਆ ਤੇ ਫਿਰ ਚਾਰ ਵ੍ਹਰੇ ਪਹਿਲਾਂ ਗਲਤੀ ਨਾਲ ਇੰਗਲੈਂਡ 'ਚ ਸੈਟਲ ਹੋ ਗਿਆ। ਇੱਥੇ ਆ ਕੇ ਤਾਂ ਮੈਨੂੰ ਲੱਗਿਆ ਕਿ ਮੈਂ ਤਾਂ ਅਣਪੜ੍ਹ ਤੇ ਗਵਾਰ ਹਾਂ। ਮੇਰੀ ਪੜ੍ਹਾਈ-ਲਿਖਾਈ ਤੇ ਗਿਆਣ ਤਾਂ ਬਿਲਕੁਲ ਫੋਕਾ ਹੈ। ਮੈਨੂੰ ਤਾਂ ਜਿੰਦਗੀ ਬਾਰੇ ਕੁਝ ਪਤਾ ਹੀ ਨਹੀਂ। ਇੱਥੋਂ ਦੀ ਪੰਜਾਬੀਅਤ ਨਾਲ ਵਾਹ ਪਿਆ ਤੇ ਅੱਖਾਂ ਖੁੱਲੀਆਂ।

ਸਭ ਤੋਂ ਪਹਿਲੀ ਗੱਲ ਤਾਂ ਇਹ ਪਤਾ ਲੱਗੀ ਕਿ ਇੰਗਲੈਂਡ 'ਚ ਸਾਡੇ ਭਰਾ ਸਾਡੇ ਹੀ ਭਰਾਵਾਂ ਦਾ ਖ਼ੂਨ ਕਿੱਦਾਂ ਚੂਸਦੇ ਹਣ, ਜ਼ਰਾ ਤੁਸੀਂ ਵੀ ਜਾਣ ਲਉ ਹਾਲਾਂਕਿ ਤੁਸੀਂ ਇਹਨਾਂ ਤੱਥਾਂ ਤੋਂ ਮੈਂਥੋਂ ਵੀ ਜ਼ਿਆਦਾ ਵਾਕਿਫ਼ ਹੋ :

- ਸਾਉਥਾਲ ਬ੍ਰਾਡਵੇ, ਸੋਹੋ ਰੋਡ, ਸਮੈਥਕ, ਲੈਸਟਰ, ਗਰੇਵਜ਼ਐਂਡ, ਮਾਨਚੈਸਟਰ, ਨੌਟੰਘਮ ਤੇ ਗਲਾਸਗੋ ਵਗੈਰਾ 'ਚ ਪੰਜਾਬੀਆਂ ਦੀਆਂ ਦੁਕਾਨਾਂ ਜਾਂ ਰੈਸਟੋਰੈਂਟਾ 'ਚ ਕੰਮ ਕਰਣ ਵਾਲੇ ਪੰਜਾਬੀਆਂ ਦੀ 12 ਘੰਟੇ ਦੀ ਦਿਹਾੜੀ ਦਾ ਰੇਟ 12 ਪਾਉਂਡ ਤੋਂ ਸ਼ੁਰੂ ਹੁੰਦਾ ਹੈ ਯਾਨਿ ਇੱਕ ਪੌਂਡ ਘੰਟੇ ਤੋਂ।

- ਖੇਤਾਂ ‘ਚ ਤੇ ਕੰਸਟ੍ਰਕਸ਼ਨ ਦੇ ਪੰਜਾਬੀ ਕਾਮਿਆ ਦੀ ਤਨਖ਼ਾਹ ‘ਚੋਂ ਪੰਜਾਬੀ ਦਲਾਲ ਲੈਂਦੇ ਹਣ 50 ਤੋਂ 70% ਕਮੀਸ਼ਨ ।
- ਕਈ ਪੰਜਾਬੀ ਭਰਾਵਾਂ ਕੋਲ ਐਸੇ ਐਸੇ ਘਰ ਤੇ ਕਮਰੇ ਹਣ ਜਿੱਥੇ ਪਸ਼ੁਆਂ ਨੂੰ ਵੀ ਨਹੀਂ ਬੱਨਿਆਂ ਜਾ ਸਕਦਾ ਪਰ ਉਹੀ ਕਮਰੇ ਤੇ ਘਰ ਉਹ ਆਪਣੇ ਹੀ ਭਰਾਵਾਂ ਨੂੰ ਮਨ-ਮਰਜੀ ਦੇ ਕਿਰਾਇਆਂ ਤੇ ਦਿੰਦੇ ਹਣ।
- ਬਰਮਿੰਘਮ ਦੀ ਸੋਹੋ ਰੋਡ, ਸਾਉਥਹਾਲ ਬ੍ਰਾਡਵੇ, ਕਿੰਗ ਸਟ੍ਰੀਟ ਤੇ ਨੌਟੀਂਘਮ ਦੇ ਕਈ ਪਾਰਕ ਤੇ ਸੜਕਾਂ ਕਿਨਾਰੇ ਪਏ ਬੈਂਚਾਂ ਤੇ ਸਾਡੇ ਅਧੇੜ ਤੇ ਵੁਡੇਰੀ ਉਮਰ ਦੇ ਵ੍ਹੇਲੇ ਬਾਬੇ ਸਾਰਾ ਸਾਰਾ ਦਿਨ ਬੈਠਕੇ, ਡੱਬੇ ਪੀ ਕੇ, ਆਂਉਦੀਆਂ ਜਾਂਦੀਆਂ ਗੋਰੀਆਂ ਦੀਆਂ ਲੱਤਾਂ ਵੱਲ ਬਘਿਆੜ ਦੀਆਂ ਨਜ਼ਰਾਂ ਨਾਲ ਤੱਕਦੇ ਹਣ ਤੇ ਪੰਜਾਬਨਾਂ ਤੇ ਫ਼ਿਕਰੇ ਕਸਦੇ ਵੇਖੇ ਜਾ ਸਕਦੇ ਹਣ।
- ਬੜੇ ਪੰਜਾਬੀ ਪਰੀਵਾਰ ਪਿੰਡੋ ਮਾਪਿਆਂ ਨੂੰ ਬੁਲਵਾ ਕੇ, ਉਹਨਾਂ ਦੀਆਂ ਪੈਂਸ਼ਨਾਂ ਖਾ ਰਹੇ ਹਣ ਤੇ ਉਹੀ ਬਜ਼ੁਰਗ ਸਾਰੀ ਦਿਹਾੜੀ ਸੜਕਾਂ ਤੇ ਫਿਰਦੇ ਨੇ ਤੇ ਧਾਰਮਿਕ ਸਥਾਨਾਂ ਤੇ ਢਿੱਡ ਭਰਦੇ ਨੇ, ਕਿੰਉਂ ਭਲਾ, ਤੁਸੀਂ ਸਮਝਦਾਰ ਹੋ, ਸਮਝ ਲਉ।
- ਜਿਵੇਂ ਪੰਜਾਬ ‘ਚ ਇੱਟ ਪੁਟੱਣ ਤੇ ਸਿੰਗਰ ਮਿਲ ਜਾਂਦੇ ਹਣ ਉਸੇ ਤਰਾਂ ਇੱਥੇ ਇੱਟ ਪੁੱਟਣ ਤੇ ਕਈ ਚੇਯਰਮੈਨ ਮਿਲਦੇ ਹਣ ਜੋ 2 - 3 ਜਣੇ ਰਲ ਕੇ ਸਮਾਜ ਸੇਵੀ ਸੰਸਥਾਂਵਾਂ ਦੇ ਨਾਮ ਤੇ ਗਰਾਂਟਾਂ ਖਾ ਰਿਹੇ ਹਣ । (ਪਰ ਮੈਨੂੰ ਕੀ ਪਤਾ, ਸ਼ਾਇਦ ਇਹੋ ਦਸਾਂ ਨੁਹਾਂ ਦੀ ਕਿਰਤ ਹੋਵੇ!)
- ਕੁਝ ਧਨਾਢ ਪੰਜਾਬੀਆਂ ਦੇ ਮਾਪੇ ਕੇਯਰ-ਹੋਮਾਂ ‘ਚ ਅੱਡੀਆਂ ਰਗੜਦੇ ਵੇਖੇ ਜਾ ਸਕਦੇ ਹਣ।
- ਹਾਂ ਸੱਚ, ਪੰਜਾਬੀ ਮੁਟਿਆਰਾਂ ਨੂੰ ਪਿੰਡੋ ਪੰਜਾਬੀ ਭਰਾ ਇੰਗਲੈਂਡ ‘ਚ ਲਿਆਕੇ, ਪੱਬਾਂ ਤੇ ਸ਼ਰਾਬਖਾਨਿਆਂ ‘ਚ ਨਚਵਾਂਉਦੇ ਹਣ।
- ਇਹ ਵੀ ਮੈਂ ਜਾਣਿਆ ਕਿ ਸਾਡੀਆਂ ਪੰਜਾਬੀ ਧੀਆਂ ਭੈਣਾਂ ਨੂੰ ਉਸ ਧਰਮ ਦੇ ਜਵਾਣ ਕੁਝ ਜ਼ਿਆਦਾ ਹੀ ਭਾਂਉਦੇ ਹਣ ਜਿਸ ਧਰਮ ਦੇ ਰਾਜਿਆਂ-ਮਹਾਰਾਜਿਆਂ ਨੇ ਸਾਡੇ ਗੁਰੂਆਂ ਦੀਆਂ ਖੱਲਾਂ ਲੁਹਾ ਦਿੱਤੀਆਂ ਤੇ ਜਵਾਨੀਆਂ ‘ਚ ਹੀ ਸ਼ਹੀਦ ਕਰ ਦਿੱਤੇ।

ਹਾਲਾਂਕਿ ਮੈਂ ਜਦ ਕਨੇਡਾ ਰੇਡੀਉ ਤੇ ਪ੍ਰੋਗ੍ਰਾਮ ਕਰਦਾ ਸੀ ਤਾਂ ਇਹੋ ਜਿਹਿਆਂ ਗੱਲਾਂ ਦਾ ਪਤਾ ਤਾਂ ਮੈਨੂੰ ਲੱਗਦਾ ਰਹਿੰਦਾ ਸੀ ਤੇ ਰੇਡੀਉ ਅਤੇ ਟੀ.ਵੀ. ਤੇ ਮੈਂ ਇਸ ਬਾਬਤ ਕਈ ਲਾਈਵ ਟਾਕ-ਸ਼ੋ ਕੀਤੇ ਪਰ ਕੁੰਭਕਰਨ ਦੀ ਨੀਂਦ ਸੁੱਤੇ ਹੋਏ ਪੰਜਾਬੀ ਸਮਾਜ ਨੂੰ ਜਗਾਣਾ ਕਿਤੇ ਸੁਖਾਲਾ ਹੈ? ਪਰ ਇੰਗਲੈਂਡ ਆਕੇ ਮੇਰੇ ਗਿਆਨ ‘ਚ ਭਰਪੂਰ ਵਾਧਾ ਹੋਇਆ । ਇਹ ਉਪਰੋਕਤ ਲਿਖੀਆਂ ਗਲਾਂ ਤਾਂ ਮੈਨੂੰ ਇੰਗਲੈਂਡ ਆਉਣ ਤੋ ਪਹਿਲਾਂ ਵੀ ਕਾਫ਼ੀ ਹੱਦ ਤੱਕ ਪਤਾ ਸੀ ਪਰ ਜੋ ਮੈਂ ਹੁਣ ਲਿਖਣ ਜਾ ਰਿਹਾ ਹਾਂ ਉਸ ਬਾਰੇ ਤਾਂ ਮੈਂ ਬਿਲਕੁਲ ਹੀ ਅਗਿਆਨੀ ਸੀ।

ਪੰਜਾਬੀ ਫ਼ੈਮਲੀ ਤੋਂ ਹੋਣ ਕਰਕੇ ਅਸੀਂ ਬਚਪਣ ਤੋਂ ਹੀ ਗੁਰਦਵਾਰੇ ਜਾਂਦੇ ਸੀ। ਦਿੱਲੀ ‘ਚ ਬਹੁਤ ਹੀ ਇਤਿਹਾਸਕ ਗੁਰਦਵਾਰੇ ਹਣ ਜਿਸ ਤਰਾਂ ਕਿ ਬੰਗਲਾ ਸਾਹਿਬ, ਸੀਸ ਗੰਜ ਸਾਹਿਬ, ਰਕਾਬ ਗੰਜ ਸਾਹਿਬ, ਨਾਨਕਸਰ ਸਹਿਬ ਆਦਿ। ਐਨੀ ਉਮਰ ਹੋ ਜਾਣ ਤੇ ਵੀ ਮੈਂ ਦਿੱਲੀ ‘ਚ ਇਹੋ ਜਾਣਿਆ ਕਿ ਗੁਰਦਵਾਰਾ ਸਾਹਿਬ ਤਾਂ ਗੁਰਦਵਾਰਾ ਸਾਹਿਬ ਹੀ ਹੁੰਦਾ ਹੈ, ਸਿਰਫ਼ ਗੁਰੁ ਦਾ ਦੁਆਰਾ। ਪਰ ਮੇਰੇ ਚੰਗੇ ਭਾਗ - ਮੈਂ ਪੜ੍ਹਿਆ-ਲਿਖਿਆ ਗਵਾਰ ਇੱਥੇ ਆਕੇ ਸਮਝਿਆ ਕਿ ਗੁਰਦਵਾਰਾ ਸਿਰਫ਼ ਗੁਰਦਵਾਰਾ ਹੀ ਨਹੀਂ ਹੁੰਦਾ, ਹੋਰ ਵੀ ਬਹੁਤ ਕੁਝ ਹੁੰਦਾ ਹੈ।ਮੇਰੀ ਖ਼ੁਸ਼ੀ ਦਾ ਤੁਸੀਂ ਅਦਾਜ਼ਾਂ ਹੀ ਨਹੀਂ ਲਗਾ ਸਕਦੇ ਜਦ ਮੇਰੇ ਗਿਆਨ ‘ਚ ਹੋਰ ਵਾਧਾ ਹੋਇਆ ਤੇ ਮੈਨੂੰ ਪਤਾ ਲੱਗਿਆ ਕਿ

- ਗੁਰਦਵਾਰਾ ਤਾਂ ਜੱਟਾਂ ਦਾ ਹੁੰਦਾ ਹੈ, ਤਰਖ਼ਾਣਾਂ ਦਾ ਹੁੰਦਾ ਹੈ, ਰਵੀਦਾਸੀਆਂ ਦਾ ਹੁੰਦਾ ਹੈ।
- ਗੁਰਦਵਾਰਾ ਤਾਂ ਗੋਲਕਾਂ ਤੇ ਗਰਾਂਟਾਂ ਦਾ ਹੁੰਦਾ ਹੈ।
- ਗੁਰਦਵਾਰਾ ਤਾਂ ਸੈਕਟਰੀਆਂ, ਪ੍ਰੈਜ਼ੀਡੈਂਟਾ ਤੇ ਕੈਸ਼ੀਅਰਾਂ ਦਾ ਹੁੰਦਾ ਹੈ।
- ਗੁਰਦਵਾਰਿਆਂ ‘ਚ ਤਾਂ ਚੋਰੀਆਂ ਵੀ ਹੁੰਦੀਆਂ ਹਣ ।
- ਗੁਰਦਵਾਰੇ “ਪ੍ਰਾਈਵੇਟ” ਵੀ ਹੁੰਦੇ ਹਣ ਯਾਨਿ ਕਿ ਗੁਰਦਵਾਰਿਆਂ ਦੇ ਮਾਲਿਕ ਵੀ ਹੁੰਦੇ ਹਣ।

ਇਕ ਪੰਜਾਬੀ ਪ੍ਰੇਮ ਤੇ ਭਾਈਚਾਰੇ ਦੀ ਲੇਟੈਸਟ ਨਯੂਜ਼ ਹੋਰ ਵੀ ਸੁਣ ਲਉ : 28 ਸਿਤੰਬਰ 2009 ਦੀ ਬੀ.ਬੀ.ਸੀ. ਦੀ ਇੱਕ ਖ਼ਬਰ ਅਨੁਸਾਰ : ਇੰਗਲੈਂਡ ਦੇ ਲਿਵੀਂਗ ਰੂਮਾਂ 'ਚ ਵਿਉਂਤਾ ਬਣਦੀਆਂ ਹਣ ਕਿ ਆਪਣੇ ਹੀ ਬਿਜ਼ਨੈਸ ਪਾਰਟਨਰਾਂ ਤੇ ਰਿਸ਼ਤੇਦਾਰਾਂ ਨੂੰ ਜਿਹੜੇ ਪੰਜਾਬ ਜਾ ਰਿਹੇ ਹੋਣ, ਕਿਵੇਂ ਕਤਲ ਕਰਵਾਈਏ ਤਾਕਿ ਉਹਨਾਂ ਦੀ ਪ੍ਰਾਪਰਟੀ ਤੇ ਹਿੱਸੇ ਨੂੰ ਅਰਾਮ ਨਾਲ ਡਕਾਰ ਸਕੀਏ।ਕਾਤਲ ਪੰਜਾਬ 'ਚ ਸਿਰਫ਼ 500 ਪੌਂਡ 'ਚ ਮਿਲ ਜਾਂਦੇ ਹਣ। ਸੂਤਰਾਂ ਮੁਤਾਬਕ, ਹਰ ਵ੍ਹਰੇ ਪੰਜਾਬ 'ਚ 100 ਤੋਂ ਜ਼ਿਆਦਾ ਬ੍ਰਿਟਿਸ਼ ਪੰਜਾਬੀਆਂ ਦਾ ਮਰਡਰ ਬ੍ਰਿਟਿਸ਼ ਪੰਜਾਬੀ - ਸੁਪਾਰੀ ਜਾਂ ਪੈਸੇ ਦੇ ਕੇ ਕਰਵਾ ਦਿੰਦੇ ਹਣ।

ਮੈਂ ਆਪਣੇ ਤੇ ਬੜੀਆਂ ਲ੍ਹਣਤਾਂ ਪਾਈਆਂ ਕਿ ਡਾਕਟਰ ਸਾਹਿਬ, ਤੁਸੀਂ ਕੀ ਜਾਣਦੇ ਸੀ ਇੰਗਲੈਂਡ ਆਉਣ ਤੋਂ ਪਹਿਲਾਂ ਪੰਜਾਬੀਆਂ ਤੇ ਪੰਜਾਬੀਅਤ ਬਾਰੇ? ਕੱਖ ਵੀ ਨਹੀਂ। ਮੈਂ ਦੋ ਵ੍ਹਰੇ ਲਾ ਕੇ, ਮਾਣਯੋਗ ਪ੍ਰੋਫ਼ੈਸਰ ਸਾਹਿਬ ਸਿੰਘ ਜੀ ਦੁਆਰਾ ਲਿਖਤ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦਾ 10 ਵੌਲਯੂਮ ਦਾ ਤਰਜਮਾ ਪੜ੍ਹ ਕੇ ਸਾਡੀ ਪਵਿੱਤਰ ਗੁਰਬਾਣੀ ਬਾਰੇ ਸਮਝਣ ਦਾ ਉਪਰਾਲਾ ਕੀਤਾ, ਕੀ ਉਹ ਵਿਅਰਥ ਹੈ ਤੇ ਇਹ ਜਾਤ ਪਾਤ ਦੇ ਨਾਮ ਤੇ ਉੱਸਰੇ ਗੁਰਦਵਾਰੇ ਹੀ ਸੱਚ ਹਣ? ਕੀ ਭਾਈ ਵੀਰ ਸਿੰਘ ਰਚਿਤ ਲਿਟਰੇਚਰ ਦੀ ਪੜ੍ਹਾਈ ਜੋ ਮੈਂ ਕੀਤੀ, ਉਹ ਝੂਠੀ ਹੈ ਅਤੇ ਜੋ ਇੱਥੇ ਨਜ਼ਰ ਆ ਰਿਹਾ ਹੈ ਉਹੀ ਸੱਚ ਹੈ? ਕੀ ਭਾਈ ਕਾਹਣ ਸਿੰਘ ਨਾਭਾ ਦੀਆਂ ਲਿਖਤਾਂ ਜੋ ਮੈਂ ਆਪਣੀ ਮਾਂ ਦੀਆਂ ਯਾਦਾਂ ਨਾਲੋਂ ਜ਼ਿਆਦਾ ਸਾਂਭ-ਸਹੇਜ ਕੇ ਰੱਖੀਆਂ ਉਹ ਗ਼ਲਤ ਹਣ ਤੇ ਅੱਜ ਇੰਗਲੈਂਡ 'ਚ ਬੈਠੇ ਉਹ ਲਿਖਾਰੀ ਸਹੀ ਹਣ ਜਿਹਨਾਂ ਦਾ ਕਦੇ ਪੰਜਾਬੀ ਲਿਟਰੇਚਰ, ਧਰਮ ਤੇ ਮੁਹਬੱਤ ਨਾਲ ਦੂਰ ਦਾ ਵੀ ਰਿਸ਼ਤਾ ਨਹੀਂ ਬਸ ਆਪਣੇ ਹਉਮੇ ਕਾਰਨ ਪੰਨੇ ਕਾਲੇ ਕਰਣਾ ਹੀ ਉਹਨਾਂ ਦਾ ਮਨੋਰਥ ਹੈ?

ਕੀ ਰੱਬੀ ਸਰੂਪ ਸਾਡੇ ਗੁਰੂਆਂ ਦੀ ਸੋਚ ਗਲਤ ਸੀ ਤੇ ਅੱਜ ਜੋ ਇਹ ਧਰਮ ਦੇ ਠੇਕੇਦਾਰ ਕਰ ਰਹੇ ਹਣ ਉਹ ਸਹੀ ਹੈ? ਕੀ ਇੱਕੋ ਬਾਟੇ 'ਚ ਛਕਾ ਕੇ ਜਾਤ-ਪਾਤ ਦੀ ਬਿਮਾਰੀ ਤੋਂ ਮੁਕਤ ਕਰਾਉਣ ਦਾ ਦਸਵੀਂ ਪਾਤਸ਼ਾਹੀ ਦਾ ਉਪਰਾਲਾ ਗਲਤ ਸੀ ਤੇ ਇਹ ਹਕੰਾਰੀ ਬਸ਼ੀਦਿੰਆ ਦੀ ਭੁੱਖ ਕਰਕੇ ਜਾਤ-ਪਾਤ ਦੇ ਨਾਮ ਦੇ ਉਸਾਰੇ ਧਾਰਮਿਕ ਸਥਾਣ ਸਹੀ ਹਣ? ਕੀ ਭੁੰਜੇ ਬਹਿ ਕੇ ਫ਼ਰੀ ਦਾ ਲੰਗਰ ਛਕ ਲੈਣਾ ਹੀ ਸਾਡੇ ਧਰਮ ਦਾ ਆਖ਼ਰੀ ਨਿਸ਼ਾਣ ਬਚਿਆ ਹੈ?

ਹੇ ਇੰਗਲੈਂਡ ਜੀ । ਤੁਹਾਡਾ ਲੱਖ-ਲੱਖ ਧੰਨਵਾਦ, ਬਹੁਤ ਬਹੁਤ ਥੈਂਕ-ਯੂ, ਤੁਸੀਂ ਮੈਂਨੂੰ ਗਿਆਨ ਦਾ ਐਂਨਾਂ ਭੰਡਾਰਾ ਦਿੱਤਾ ਕਿ ਸ਼ਾਇਦ ਮੈਂ ਸੰਭਾਲ ਹੀ ਨਾ ਪਾਵਾਂ।ਪਰ ਪਤਾ ਨਹੀਂ ਕਿੰਉ ਮੈਂਨੂੰ ਇਹ ਵੀ ਮਹਿਸੂਸ ਹੋ ਰਿਹਾ ਹੈ ਕਿ ਕਿਤੇ ਸ਼ਾਇਦ ਬਹੁਤ ਕਝ ਗਲਤ ਹੋ ਰਿਹਾ ਹੈ। ਕਿਤੇ ਇਸ ਤਰਾਂ ਦੇ ਸਭਿਆਚਾਰ ਤੇ ਵਿਚਾਰਧਾਰਾ ਦੀ ਹੋਂਦ ਨੇ ਸਾਡਾ ਕੋਈ ਨੁਕਸਾਣ ਤਾਂ ਨਹੀਂ ਕਰ ਦਿੱਤਾ? ਬਾਕੀ ਮਨ ਜਿੱਤ ਦੇ ਪਾਠਕਾਂ ਤੇ ਮੈਂਨੂੰ ਪੂਰਾ ਭਰੋਸਾ ਹੈ ਕਿ ਉਹ ਮੈਂਨੂੰ ਦੱਸਣਗੇ ਕਿ ਕਿਤੇ ਸਾਡੀ ਪੰਜਾਬੀਅਤ ਦਾ ਰੇਪ ਤਾਂ ਨਹੀਂ ਕਰ ਰਹੇ ਅਸੀਂ ਖ਼ੁਦ? ਸਮਾਂ ਆ ਗਿਆ ਜਾਪਦਾ ਹੈ ਕਿ ਅਸੀਂ ਸਾਰੇ ਪੰਜਾਬੀ ਇਸ ਗੱਲ ਬਾਰੇ ਸੋਚੀਏ ਕਿ ਨੁਕਸਾਣ ਕਿੰਨ੍ਹਾਂ 'ਕੁ ਹੋ ਗਿਆ ਹੈ ਤੇ ਹੁਣ ਇਸ ਦੀ ਭਰਪਾਈ ਕਿਸ ਤਰਾਂ ਕਰਣੀ ਹੈ?

**Dr. A. Kumar**
**Vice President**
**Yorks College (Canada UK USA India)**
**www.yorkscollege.com**
**Email: info@yorkscollege.com**